~~Diggest~~ DM MIS

ਸੇਵਾ ਸਿੰਘ ਸੇਖਵਾਂ

ਟੈਲੀਫੋਨ ਨੰ.: 0172-2740361 (ਦ)
0172-2693519 (ਘ)

ਅ.ਸ.ਪੱ. ਨੰ: ਸ/ਸਿ.ਮੰ/ 3663
ਸਿਖਿਆ ਮੰਤਰੀ, ਪੰਜਾਬ

ਮਿਤੀ : 14/11/11

**ਦਫਤਰ: ਸਿੱਖਿਆ ਮੰਤਰੀ, ਪੰਜਾਬ।**

ਮੈਂ ਚਾਹੁੰਦਾ ਹਾਂ ਲੋਕ ਹਿੱਤ ਲਈ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਹਰ ਰੋਜ਼ ਸਵੇਰੇ ਹੇਠ ਲਿਖੇ ਅਨੁਸਾਰ ਸਹੁੰ ਲਈ ਜਾਇਆ ਕਰੇਗੀ।

## ਸਹੁੰ ਅਤੇ ਵਚਨ

"ਮੈਂ (ਆਪਣਾ ਨਾਮ)..........................................., ਪ੍ਰਮਾਤਮਾਂ ਨੂੰ ਹਾਜ਼ਿਰ ਨਾਜ਼ਿਰ ਜਾਣ ਕੇ, ਭਾਰਤ ਮਾਤਾ ਅਤੇ ਸਾਰੇ ਦੇਸ਼ ਭਗਤ ਸ਼ਹੀਦਾਂ ਦੀ ਕਸਮ ਖਾ ਕੇ, ਆਪਣੇ ਗੁਰੂਆਂ-ਪੀਰਾਂ ਨੂੰ, ਇਹ ਵਚਨ ਦਿੰਦਾ ਹਾਂ, ਕਿ ਮੈਂ ਕਦੀ ਵੀ ਝੂਠ ਨਹੀਂ ਬੋਲਾਂਗਾ, ਬੇਇਮਾਨੀ ਨਹੀਂ ਕਰਾਂਗਾ, ਕਿਸੇ ਦਾ ਹੱਕ ਨਹੀਂ ਮਾਰਾਂਗਾ, ਰਿਸ਼ਵਤ ਨਹੀਂ ਲਵਾਂਗਾ, ਇਮਾਨਦਾਰੀ ਨਾਲ ਆਪਣੀ ਹਰ ਜ਼ਿੰਮੇਵਾਰੀ ਨਿਭਾਉਂਦੇ ਹੋਏ, ਆਪਣੇ ਦੇਸ਼ ਦੀ ਸੇਵਾ ਕਰਾਂਗਾ। ਆਪਣੇ ਆਲੇ ਦੁਆਲੇ ਰਿਸ਼ਵਤਖ਼ੋਰੀ, ਬੇਇਮਾਨੀ, ਧੋਖੇਬਾਜ਼ੀ, ਨਸ਼ਾਖ਼ੋਰੀ ਜਾਂ ਕਿਸੇ ਵੀ ਤਰਾਂ ਦਾ ਗ਼ੈਰ-ਕਾਨੂੰਨੀ ਕੰਮ ਕਰਨ ਵਾਲੇ ਹਰ ਇਨਸਾਨ ਦਾ ਲੋੜ ਅਤੇ ਸਮੇਂ ਮੁਤਾਬਿਕ ਢੁੱਕਵੇਂ ਤਰੀਕੇ ਨਾਲ ਵਿਰੋਧ ਜਾਂ ਤਿਆਗ ਕਰਾਂਗਾ। ਜੇਕਰ ਕਦੀ ਵੀ, ਮੈਂ ਆਪਣਾ ਇਹ ਵਚਨ ਤੋੜਦਾ ਹਾਂ, ਤਾਂ ਮੈਂ ਰੱਬ, ਦੇਸ਼ ਅਤੇ ਕੌਮ ਦਾ ਦੋਸ਼ੀ ਹੋਵਾਂਗਾ ਅਤੇ ਰੱਬ ਦੀ ਰਜ਼ਾ ਅਨੁਸਾਰ ਇਸ ਗੁਨਾਹ ਲਈ, ਹਰ ਢੁੱਕਵੀਂ ਸਜ਼ਾ ਦਾ ਹੱਕਦਾਰ ਹੋਵਾਂਗਾ। ਮੈਂ ਪਰਮ ਪਿਤਾ ਪਰਮੇਸ਼ਰ ਅੱਗੇ ਬੇਨਤੀ ਕਰਦਾ ਹਾਂ, ਕਿ ਉਹ ਸਦਾ ਲਈ, ਮੈਨੂੰ ਆਪਣੇ ਇਸ ਵਚਨ ਅਤੇ ਕਸਮ ਤੇ ਕਾਇਮ ਰਹਿਣ ਦੀ ਸੋਝੀ ਅਤੇ ਸਮਰੱਥਾ ਬਖ਼ਸ਼ਣ।"

ਜੈ ਹਿੰਦ।

ਇਸ ਨੂੰ ਲਾਗੂ ਕਰਵਾਉਣ ਲਈ ਤੁਰੰਤ ਲੋੜੀਂਦੀ ਕਾਰਵਾਈ ਕੀਤੀ ਜਾਵੇ।

(ਸੇਵਾ ਸਿੰਘ ਸੇਖਵਾਂ)
ਸਿੱਖਿਆ ਅਤੇ ਭਾਸ਼ਾ ਮੰਤਰੀ,
ਪੰਜਾਬ।

ਸਕੱਤਰ, ਸਕੂਲ ਸਿੱਖਿਆ,
ਪੰਜਾਬ।

ਉਤਾਰਾ :-

1. ਡੀ.ਜੀ.ਐਸ.ਈ. (ਸਾਰੇ ਸਕੂਲਾਂ ਨੂੰ ਈ-ਮੇਲ ਕਰਨ ਲਈ)
2. ਡੀ.ਪੀ.ਆਈ (ਸੈ.ਸਿ.) ਪੰਜਾਬ
3. ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ

Office of : Director General School Education
cum State Project Director
Sarva Shiksha Abhiyan Authority
Central Diary
No.: 37640   14/11/2011